Weekly

# CANADA SIKH TIMES

15 - 21 June 2024

ਕੈਨੇਡਾ ਸਿੱਖ ਟਾਈਮਜ਼

Volume 2 Issue 24


• RELIGION • CULTURE • HERITAGE • BUSINESS

## ਪੰਜਾਬ ਦੇ ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਦੇ ਦੋ ਕੈਡਿਟਾਂ ਨੇ ਛੂਹਿਆ ਆਸਮਾਨ



ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ (ਏ.ਐਫ.ਪੀ.ਆਈ.) ਦੇ 8ਵੇਂ ਕੋਰਸ ਦੇ ਦੋ ਕੈਡਿਟਾਂ ਨੇ ਭਾਰਤੀ ਹਵਾਈ ਸੈਨਾ ਵਿੱਚ ਕਮਿਸ਼ਨਡ ਅਫ਼ਸਰ ਵਜੋਂ ਸ਼ਾਮਲ ਹੋ ਕੇ ਸੂਬੇ ਦਾ ਨਾਮ ਰੌਸ਼ਨ ਕੀਤਾ ਹੈ। ਭਾਰਤੀ ਹਵਾਈ ਸੈਨਾ ਵਿੱਚ ਕਮਿਸ਼ਨਡ ਅਫ਼ਸਰ: ਇਨ੍ਹਾਂ ਦੋਵੇਂ ਕੈਡਿਟਾਂ ਨੂੰ ਅੱਜ ਏਅਰ ਫੋਰਸ ਅਕੈਡਮੀ, ਡੁੰਡੀਗਲ (ਹੈਦਰਾਬਾਦ) ਵਿੱਚ ਹੋਈ ਕੰਬਾਈਂਡ ਗ੍ਰੈਜੂਏਸ਼ਨ ਪਰੇਡ (ਸੀਜੀਪੀ) ਉਪਰੰਤ ਭਾਰਤੀ ਹਵਾਈ ਸੈਨਾ ਵਿੱਚ ਅਫ਼ਸਰ ਵਜੋਂ ਕਮਿਸ਼ਨ ਮਿਲਿਆ ਹੈ। ਦੱਸਣਯੋਗ ਹੈ ਕਿ ਇਸ ਪਰੇਡ ਦਾ ਨਿਰੀਖਣ ਏਅਰ ਚੀਫ ਮਾਰਸ਼ਲ ਵੀ.ਆਰ. ਚੌਧਰੀ, ਪੀ.ਵੀ.ਐਸ.ਐਮ., ਏ.ਵੀ.ਐਸ.ਐਮ., ਵੀ.ਐਮ., ਏ.ਡੀ.ਸੀ. ਵੱਲੋਂ ਕੀਤਾ ਗਿਆ। ਤਰਨ ਤਾਰਨ ਵਾਸੀ ਫਲਾਇੰਗ ਅਫ਼ਸਰ ਕੰਵਰਨੂਰ ਸਿੰਘ ਫਾਈਟਰ ਪਾਇਲਟ ਵਜੋਂ ਫਲਾਇੰਗ ਬ੍ਰਾਂਚ ਵਿੱਚ ਸ਼ਾਮਲ ਹੋਣਗੇ, ਜਦੋਂਕਿ ਅੰਮ੍ਰਿਤਸਰ ਵਾਸੀ ਫਲਾਇੰਗ ਅਫ਼ਸਰ ਅਨੀਸ਼ ਪਾਂਡੇ ਹੈਲੀਕਾਪਟਰ ਪਾਇਲਟ ਵਜੋਂ ਫਲਾਇੰਗ ਬ੍ਰਾਂਚ ਵਿਚ ਸ਼ਾਮਲ ਹੋਣਗੇ।

## Indian-Origin Tinessa Kaur is first Sikh Woman to win Top Barrister Award



A 32-year-old Indian-origin barrister, who was once a homeless teenager, has made history by becoming the first Sikh woman to win the prestigious Young Pro-Bono Barrister of the Year award in the UK.

At 17, Tinessa Kaur moved from Leicester to Greenford, West London, relying on the Sikh community's support to transition from homelessness to education. Now 32, she has achieved success in her legal career, reported the BBC.

Kaur faced numerous hardships from a young age. Her father left the family early on, and by 2009, at 17, she found herself homeless and exposed to the dangers of the streets, including gangs. By 2010, when she finished school, her father was in prison.

## ਵਨਡੇ ਮੈਚਾਂ ਨਾਲ ਟੀ-20 ਅੰਤਰਰਾਸ਼ਟਰੀ ਸੀਰੀਜ਼ ਦੀ ਤਿਆਰੀ ਦਾ ਮੌਕਾ ਮਿਲੇਗਾ: ਹਰਮਨਪ੍ਰੀਤ ਕੌਰ

ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਨੇ ਕਿਹਾ ਕਿ ਦੱਖਣੀ ਅਫਰੀਕਾ ਖਿਲਾਫ ਐਤਵਾਰ ਤੋਂ ਇੱਥੇ ਸ਼ੁਰੂ ਹੋ ਰਹੀ ਤਿੰਨ ਮੈਚਾਂ ਦੀ ਵਨਡੇ ਸੀਰੀਜ਼ ਉਸ ਦੀ ਟੀਮ ਨੂੰ ਹੁਲਾਰਾ ਦੇਵੇਗੀ। ਇਹ ਮਹੱਤਵਪੂਰਨ ਟੀ-20 ਮੈਚਾਂ ਤੋਂ ਪਹਿਲਾਂ ਰਣਨੀਤੀ ਅਤੇ ਹਾਲਾਤ ਦਾ ਮੁਲਾਂਕਣ ਕਰਨ ਦਾ ਮੌਕਾ ਦੇਵੇਗਾ। ਭਾਰਤੀ ਮਹਿਲਾ ਟੀਮ ਜੁਲਾਈ ਤੋਂ ਦੱਖਣੀ ਅਫਰੀਕਾ ਖਿਲਾਫ ਹੋਣ ਵਾਲੀ ਸੀਰੀਜ਼ ਤੋਂ ਅਕਤੂਬਰ 'ਚ ਬੰਗਲਾਦੇਸ਼ 'ਚ ਹੋਣ ਵਾਲੇ ਟੀ-20 ਵਿਸ਼ਵ ਕੱਪ ਤੋਂ ਪਹਿਲਾਂ ਰਫਤਾਰ ਵਧਾਉਣ ਦੀ ਕੋਸ਼ਿਸ਼ ਕਰੇਗੀ।



ਹਰਮਨਪ੍ਰੀਤ ਨੇ ਇੱਥੇ ਦੱਖਣੀ ਅਫਰੀਕਾ ਖਿਲਾਫ ਪਹਿਲੇ ਵਨਡੇ ਦੀ ਪੂਰਵ ਸੰਧਿਆ 'ਤੇ ਆਯੋਜਿਤ ਪ੍ਰੈੱਸ ਕਾਨਫਰੰਸ 'ਚ ਕਿਹਾ, "ਅਸੀਂ ਵਨਡੇ ਨੂੰ ਟੀ-20 ਦੀ ਤਿਆਰੀ ਦੇ ਮੌਕੇ ਵਜੋਂ ਲੈ ਰਹੇ ਹਾਂ ਕਿਉਂਕਿ ਅਸੀਂ ਬਹੁਤ ਸਾਰੇ ਟੀ-20 ਮੈਚ ਖੇਡ ਰਹੇ ਹਾਂ। ਵਨਡੇ ਫਾਰਮੈਟ ਵਿੱਚ, ਇੱਕ ਖਿਡਾਰੀ ਦੇ ਰੂਪ ਵਿੱਚ, ਤੁਹਾਡੇ ਕੋਲ ਆਪਣੇ ਆਪ ਦਾ ਮੁਲਾਂਕਣ ਕਰਨ ਲਈ ਜ਼ਿਆਦਾ ਸਮਾਂ ਹੈ ਅਤੇ ਇਹ ਸਾਡੇ ਲਈ ਚੰਗਾ ਹੈ ਕਿ ਸਾਨੂੰ ਹੋਰ ਮੈਚ ਖੇਡਣ ਦਾ ਮੌਕਾ ਮਿਲ ਰਿਹਾ ਹੈ।"

ਸੀਰੀਜ਼ ਤੋਂ ਪਹਿਲਾਂ ਭਾਰਤ ਲਈ ਚੋਟੀ ਦੇ ਕ੍ਰਮ ਦੇ ਬੱਲੇਬਾਜ਼ ਜੇਮਿਮਾ ਰੌਡਰਿਗਜ਼ ਅਤੇ ਗੇਂਦਬਾਜ਼ ਪੂਜਾ ਵਸਤਰਕਰ ਦੀ ਫਿਟਨੈੱਸ ਨੂੰ ਲੈ ਕੇ ਚਿੰਤਾਵਾਂ ਸਨ। ਪਰ ਹਰਮਨਪ੍ਰੀਤ ਨੇ ਚਿੰਤਾਵਾਂ ਨੂੰ ਖਾਰਜ ਕਰਦਿਆਂ ਕਿਹਾ, "ਇਹ ਖਿਡਾਰੀ ਠੀਕ ਹਨ ਅਤੇ ਇਸ ਸਮੇਂ ਨੈੱਟ 'ਤੇ ਅਭਿਆਸ ਵੀ ਕਰ ਰਹੇ ਹਨ। ਉਹ ਮੈਚ ਲਈ ਫਿੱਟ ਹਨ। ਰੋਡਰਿਗਜ਼ ਜਿੱਥੇ ਪਿੱਠ ਦੀ ਸੱਟ ਤੋਂ ਉਭਰ ਰਹੇ ਸਨ, ਉੱਥੇ ਵਸਤਰਾਕਰ ਵੀ ਸੱਟ ਤੋਂ ਉਭਰ ਰਹੇ ਸਨ। ਹਰਮਨਪ੍ਰੀਤ ਨੇ ਕਿਹਾ ਕਿ ਰੌਡਰਿਗਜ਼ ਦੀ ਵਾਪਸੀ ਨਾਲ ਭਾਰਤੀ ਟੀਮ ਦੀ ਬੱਲੇਬਾਜ਼ੀ ਮਜ਼ਬੂਤ ਹੋਵੇਗੀ।

DESH VIDESH

# Gurcharan Singh Sekhon: A born leader



Colonel (Retired) Gurcharan Singh Sekhon was literally born in the cowsheds in 1937. His father was the owner of cows and buffaloes, and had a huge farm near Aljunied Road. Growing up in pre-Second World War years, life for this little young boy was rather enjoyable and relaxed.

"Before the Japanese came, we were living very comfortably. I was running around and not doing much. However, when the Japanese came, my entire life changed." The tranquility that existed immediately disappeared and the whole country went into turmoil.

Gurcharan's life took a further turn for the worse during the Japanese occupation when he ended up going to a Japanese school. The teachers were strict, uncaring and unfriendly, and they mercilessly caned the students. For Gurcharan, life at home was not any different. The Japanese raided homes as they wished and took whatever they wanted and the locals were helpless to do anything about it. However, unlike the Indians and Sikhs, life was even more traumatic for the Chinese. The Japanese were extremely brutal towards them.

The turning point in Gurcharan's life came when the Japanese left Singapore in 1945. A year later, he joined Saint Andrew's School. He felt extremely privileged to receive an education from the school. The school's principal and teachers left such a significant impression on him. He fondly talked about his former principal and mentor, Mr Canon R K Adams. "He became an excellent friend for every family in the school." He gave Gurcharan multiple leadership positions in the school, something of a rarity for non-Christians in the school at that time.

While the principal and teachers played a key role in Gurcharan's life in school, his father made a significant impact on his life at home. The father was a disciplinarian and this, Gurcharan acknowledged, made him the man he is today. His childhood experiences during the pre-occupation period, during the war in Singapore and post-Japanese occupation era laid the foundations for who he was going to become when he grew older.

In 1959, Gurcharan succeeded in securing a place in the university in Kuala Lumpur. Following his graduation with an engineering degree, he found a job and remained in the Malayan capital. Working with Gammons Hawaiian Dredging Pomeroy, life for Gurcharan was, once again, comfortable. He had a stable job and had little complaints about life. However, life was to change again for him.

## Father's Call

Gurcharan's father and then Assistant Commissioner of Police (ACP) Gurdial Singh rang and asked him to enter the uniformed services. He was reluctant at first but he did not want to disappoint his father. Like many Sikh families, Gurcharan's family viewed the job as one that provided stability, recognition and respect. In March 1966, Gurcharan returned to Singapore from Kuala Lumpur and went for a series of recruitment tests. Three months later, he joined the Singapore Armed Forces (SAF) and it signalled the start of his contributions to the nation and the Sikh community.


At 29 years of age, Gurcharan was one of the most senior recruits when he joined the SAF while the majority of the recruits were only 18 or 19 years old. His seniority and educational background made him the most obvious choice for group leader. He was a senior officer cadet. He eventually became a platoon commander. One of his key roles was getting meals for his platoon since he had access to his brother's car from time to time. One meal contribution, he recalled, as a leader, was to buy 20 packets of char kway teow (fried flat rice noodles) for his men. Such gestures helped him to gain the confidence of the men around him. It also marked the beginning of his contributions to the soldier fraternity and he saw them as an integral part of him.

Gurcharan's progress in the armed forces was nothing short of remarkable. When the Singapore Armed Forces Training Institute was set up in 1967 as the first military institute to train officers and and non-commissioned officers, an Engineer Training Wing was incorporated into the plan. Together with another officer, Gurcharan, then a Second Lieutenant, was selected to attend a basic engineer officer's course in Fort Belvoir in Virginia, United States. Upon completion of the course, the two officers and the Commanding Officer, Major George Mitchell, conducted the first Engineer Commanders' Course in Singapore from April to August 1968. These officers then formed the nucleus of the Singapore Combat Engineers.

(Continued)

# HERITAGE

## ਲਫ਼ਬੋਰੋ ਯੂਨੀਵਰਸਿਟੀ ’ਚ ਹੋਣਗੀਆਂ ਬਰਤਾਨੀਆਂ ਦੀਆਂ ਪਹਿਲੀਆਂ ਸਿੱਖ ਖੇਡਾਂ




11 ਜੂਨ ਬਰਤਾਨੀਆ ਦੀ ਲਫ਼ਬੋਰੋ ਯੂਨੀਵਰਸਿਟੀ 16 ਤੋਂ 18 ਅਗੱਸਤ, 2024 ਤੱਕ ਹੋਣ ਵਾਲੀਆਂ ਬਰਤਾਨੀਆਂ ਦੀਆਂ ਪਹਿਲੀਆਂ ਸਿੱਖ ਖੇਡਾਂ ਲਈ ਮੇਜ਼ਬਾਨ ਵਜੋਂ ਚੁਣਿਆ ਗਿਆ ਹੈ। ਇਸ ਸਮਾਗਮ ਚ ਪੂਰੇ ਬਰਤਾਨੀਆਂ ਚੋਂ 35 ਵੱਖ-ਵੱਖ ਖੇਤਰਾਂ ਦੇ 2,000 ਤੋਂ ਵੱਧ ਸਿੱਖ ਖਿਡਾਰੀਆਂ ਦੇ ਇਕੱਠੇ ਹੋਣ ਦੀ ਉਮੀਦ ਹੈ, ਜਿਸ ਚ 20,000 ਤੋਂ ਵੱਧ ਦਰਸ਼ਕ ਆ ਸਕਦੇ ਹਨ।

ਇਨ੍ਹਾਂ ਖੇਡਾਂ ’ਚ ਫੁੱਟਬੋਲ, ਹਾਕੀ, ਕਬੱਡੀ,ਐਥਲੈਟਿਕਸ, ਪਾਵਰਲਿਫਟਿੰਗ ਅਤੇ ਕ੍ਰਿਕਟ ਸਮੇਤ ਕਈ ਤਰ੍ਹਾਂ ਦੀਆਂ ਖੇਡਾਂ ਸਾਮਲ ਹੋਣਗੀਆਂ। ਖੇਡ ਸਮਾਗਮਾਂ ਤੋਂ ਇਲਾਵਾ, ਯੂਨੀਵਰਸਿਟੀ ਪੈਨਲ ਵਿਚਾਰ-ਵਟਾਂਦਰੇ, ਮੁੱਖ ਬੁਲਾਰੇ ਅਤੇ ਸੰਬੰਧਿਤ ਖੇਡ ਮੁੱਦਿਆਂ ’ਤੇ ਸਵਾਲ- ਜਵਾਬ ਸ਼ੈਸ਼ਨਾਂ ਦੀ ਮੇਜ਼ਬਾਨੀ ਕਰੇਗੀ।

ਲੌਫਬੋਰੋ ਯੂਨੀਵਰਸਿਟੀ ਵਲੋਂ ਸਪਾਂਸਰ ਕੀਤੇ ਗਏ ਇਸ ਪ੍ਰੋਗਰਾਮ ਚ ਸ਼ਬਦ-ਕੀਰਤਨ ਤੋਂ ਬਾਅਦ ਲੰਗਰ ਵੀ ਵਰਤਾਇਆ ਜਾਵੇਗਾ। ਅਤੇ ਦਰਸ਼ਕਾਂ ਨੂੰ 6 ਅਪੰਗਤਾ ਖੇਡਾਂ ਸਮੇਤ 20 ਤੋਂ ਵੱਧ ਵੱਖ-ਵੱਖ ਖੇਡਾਂ ਦੇ ਮੁਕਾਬਲੇ ਵੇਖਣ ਨੂੰ ਮਿਲਣਗੇ। ਸਿੱਖ ਗੇਮਜ਼ ਇਕ ਗੈਰ -ਮੁਨਾਫਾ ਸੰਗਠਨ ਹੈ ਜਿਸਦਾ ਉਦੇਸ਼ ਖੇਡਾਂ ਚ ਨਸਲੀ ਘੱਟ ਗਿਣਤੀਆਂ ਦੀ ਹਿੱਸੇਦਾਰੀ ਦੇ ਮੌਕਿਆਂ ਨੂੰ ਵਧਾਉਣਾ ਅਤੇ ਵਿਸ਼ਵ ਵਿਆਪੀ ਭਾਈਚਾਰਕ ਸਬੰਧਾਂ ਨੂੰ ਉਤਸ਼ਾਹਤ ਕਰਨਾ ਹੈ।

ਸਿੱਖ ਖੇਡਾਂ ਪਿਛਲੇ 36 ਸਾਲਾਂ ਤੋਂ ਆਸਟਰੇਲੀਆ ’ਚ ਕਿਤੀਆਂ ਜਾ ਰਹੀਆਂ ਹਨ, ਜੋ ਸਾਲਾਨਾ 200 ,000 ਦਰਸ਼ਕਾਂ ਨੂੰ ਆਕਰਸ਼ਿਤ ਕਰਦੀਆਂ ਹਨ, ਅਤੇ ਇਹ 2016 ’ਚ ਨਿਊਯਾਰਕ ਸਿਟੀ, 2019 ’ਚ ਨਿਊਜ਼ੀਲੈਂਡ ਸਿਟੀ ਅਤੇ 2020 ਵਿਚ ਭਾਰਤ ’ਚ ਵੀ ਫੈਲ ਗਿਆ ਹੈ।

ਲੌਫਬੋਰੋ ਯੂਨੀਵਰਸਿਟੀ ਦੇ ਖੇਡ ਨਿਰਦੇਸ਼ਕ ਰਿਚਰਡ ਵਾਈਟਰ ਨੇ 2024 ਦੀਆਂ ਸਿੱਖ ਖੇਡਾਂ ਲਈ ਬਰਤਾਨੀਆਂ ਦੇ ਮੇਜ਼ਬਾਨ ਵਜੋਂ ਯੂਨੀਵਰਸਿਟੀ ਦੀ ਚੋਣ ਤੇ ਖੁਸ਼ੀ ਜਾਹਰ ਕੀਤੀ ਅਤੇ ਸਿੱਖ ਭਾਈਚਾਰੇ ਨਾਲ ਜੁੜਨ ਅਤੇ ਖੇਡ ਦੀ ਪਰਿਵਰਤਨਸ਼ੀਲ ਸ਼ਕਤੀ ਨੂੰ ਪ੍ਰਦਰਸ਼ਿਤ ਕਰਨ ਦੀ ਇਸ ਸੰਭਾਵਨਾ ਤੇ ਜ਼ੋਰ ਦਿੱਤਾ ।

ਸਿੱਖ ਗੇਮਜ਼ ਯੂ.ਕੇ. ਦੀ ਪ੍ਰਧਾਨ ਅਤੇ ਸੰਸਥਾਪਕ ਮਨਦੀਪ ਕੌਰ ਮੂਰ ਨੇ ਲੌਫਬੋਰੋ ਯੂਨੀਵਰਸਿਟੀ ਨਾਲ ਭਾਈਵਾਲੀ ਤੇ ਉਤਸ਼ਾਹ ਜ਼ਾਹਰ ਕਰਦਿਆਂ ਆਕਾਦਮਿਕ ਅਤੇ ਖੇਡ ਉਤਮਤਾ, ਨਵੀਨਤਾ ਅਤੇ ਸਮਾਵੇਸ਼ਤਾ ਪ੍ਰਤੀ ਇਸ ਦੀ ਵਚਨਬੱਧਤਾ ਦੀ ਸ਼ਲਾਘਾ ਕੀਤੀ, ਜੋ ਸਿੱਖ ਖੇਡਾਂ ਦੀਆਂ ਸਮਾਨਤਾ, ਉਤਮਤਾ ਅਤੇ ਸਹਿਯੋਗ ਦੀਆਂ ਕਦਰਾਂ- ਕੀਮਤਾਂ ਨਾਲ ਮੇਲ ਖਾਂਦੀ ਹੈ।

## Canada to host G7 leaders’ Summit in Kananaskis, Alta., in 2025



Canada says it will host the G7 summit next year in the heart of the Rocky Mountains. The announcement came at this year’s leaders’ meeting in Apulia, Italy. The member countries — Canada, the United States, the United Kingdom, France, Germany, Italy and Japan — rotate hosting duties each year. Next year’s meeting is set to be held in Kananaskis, Alta., southwest of Calgary. That’s where the G8 summit was held in 2002 — back when it was a group of eight, with Russia as a member. This year’s summit is taking place under the shadow of ongoing wars in Ukraine and the Middle East.

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਹੇਠ ਲਿਖਿਆਂ ਵਿਚੋਂ ਸਿੱਖੀ ਦੀ ਘਾਲ ਕਿਹੜੀ ਹੈ?**

a. ਮਨ ਨੂੰ ਵਿਕਾਰਾਂ ਤੋਂ ਰੋਕਣਾ
b. ਦਸਵੰਧ ਨੂੰ ਸੂਝ ਬੂਝ ਨਾਲ ਵਰਤਣਾ
c. ਕਿਰਤ ਨੂੰ ਇਮਾਨਦਾਰੀ ਨਾਲ ਕਰਣਾ
d. ਇਹ ਸਾਰੇ ਹੀ

**2. ਭੰਗਾਣੀ ਦੇ ਯੁੱਧ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਕਿੱਥੇ ਗਏ ਸਨ?**

a. ਹਸਤਨਾਪੁਰ
b. ਨੰਦੇੜ
c. ਅਨੰਦਪੁਰ ਸਾਹਿਬ
d. ਅਮਰਾਵਤੀ

**3. ਗੁਰਬਾਣੀ ਦੀ ਹੇਠ ਲਿਖੀ ਤੁਕ ਵਿਚ ਲਾਲ ਰੰਗੇ ਸ਼ਬਦ ਦਾ ਕੀ ਅਰਥ ਹੈ?**

**ਨਾਨਕ ਉਨ ਸੰਗਿ ਮੋਹਿ ਉਧਾਰੇ ॥**

a. ਫਿੱਡ
b. ਉਧਾਰ
c. ਬਚਾ ਲਵੋ
d. ਉੱਥੇ

**4. ਭੱਟ ਸਾਹਿਬਾਨ ਨੇ ਕਿੰਨ੍ਹੇ ਗੁਰੂ ਸਾਹਿਬਾਨ ਦੀ ਉਸਤਤਿ ਵਿਚ ਬਾਣੀ ਰਚੀ ਹੈ?**

a. 4
b. 2
c. 6
d. 5

(ਦੇਖੋ ਉੱਤਰ ਪੰਨਾ 4 ’ਤੇ)

## CAREER COUNSELLING

# *Breaking The Rules for Good Reason*



Narinder Pal Singh



Breaking the rules for a good reason is true leadership! True Leaders are the ones who are brave enough to challenge the status quo and break the rules when necessary.

They're the ones who see the big picture and understand that the rules are just guidelines, not hard and fast laws.

Here are five instances when leaders should consider breaking the rules:

1. **Call For Innovation-** Rules can stifle creativity and progress. Break them when a groundbreaking idea needs room to breathe.
2. **Empowering The Team** - Sometimes, empowering the team means allowing them to challenge norms and chart their own course. This fosters a culture of innovation and risk-taking.
3. **Adaptability** - In a rapidly evolving world, sticking rigidly to rules may obstruct necessary adaptations. Flexibility is key for survival and growth.
4. **Customer Centric Approach** - Rules may not always align with the best interests of your customers. Flexibility here can lead to superior customer experiences and loyalty.
5. **Ethical Dilemmas** - At times, rules clash with ethical principles. Breaking them might be the only path to uphold what is morally right and just.

LEADERS ARE THE ARCHITECTS OF PROGRESS AND CHANGE

# ਵਿਦੇਸ਼ਾਂ 'ਚ ਗੁਰਮੁਖੀ ਸਕੂਲ ਖੋਲ੍ਹਣੇ ਸਮੇਂ ਦੀ ਲੋੜ: ਗਿਆਨੀ ਹਰਪ੍ਰੀਤ ਸਿੰਘ




ਆਸਟ੍ਰੇਲੀਆ ਦੇ ਸੂਬਾ ਕੁਈਨਜ਼ਲੈਂਡ ਦੇ ਸਿੰਘ ਸਭਾ ਗੁਰਦੁਆਰਾ ਸਾਹਿਬ ਬ੍ਰਿਸਬੇਨ ਟੈਗਮ ਵਿਖੇ ਗਿਆਨੀ ਹਰਪ੍ਰੀਤ ਸਿੰਘ ਜੀ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਨਤਮਸਤਕ ਹੋਏ। ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਜੀ ਨੇ ਗੁਰੂਘਰ ਵੱਲੋ ਚਲਾਏ ਜਾ ਰਹੇ ਗੁਰਮੁਖੀ ਸਕੂਲ ਦਾ ਦੌਰਾ ਕੀਤਾ, ਜਿਥੇ ਉਨ੍ਹਾਂ ਆਪਣੇ ਸੰਬੋਧਨ 'ਚ ਸਿੱਖ ਸੰਗਤਾਂ ਨੂੰ ਕਿਹਾ ਕਿ ਆਪਣੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਸਿੱਖ ਧਰਮ, ਗੁਰਬਾਣੀ ਅਤੇ ਗੁਰਮੁਖੀ ਭਾਸ਼ਾ ਦਾ ਗਿਆਨ ਦੇਣਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਅੱਗੇ ਕਿਹਾ ਪੰਜਾਬੀ ਸਕੂਲ ਵੱਲੋਂ ਗੁਰਮਖੀ ਅਤੇ ਗੁਰਮਤਿ ਗਿਆਨ ਦੀ ਛੋਟੇ ਬੱਚਿਆਂ ਨੂੰ ਸਿੱਖਿਆ ਦੇ ਕੇ ਵਿਦੇਸ਼ਾਂ 'ਚ ਧਰਮ ਅਤੇ ਮਾਂ-ਬੋਲੀ ਨੂੰ ਵੱਧ ਤੋਂ ਵੱਧ ਪ੍ਰਫੁਲਿਤ ਕਰਨਾ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਕੀਤਾ ਜਾ ਰਿਹਾ ਹੈ। ਇਸ ਮੌਕੇ ਗੁਰੂਘਰ ਦੇ ਗ੍ਰੰਥੀ ਸਾਹਿਬਾਨ ਭਾਈ ਅਮਰਜੀਤ ਸਿੰਘ ਨਾਗਰਾ, ਸੁਰਜੀਤ ਸਿੰਘ ਬਾਜਾ ਖਾਨਾ, ਪਰਮਜੀਤ ਸਿੰਘ ਮਾਸਟਰ, ਬਲਵਿੰਦਰ ਸਿੰਘ ਬਿੰਦਾ, ਅਮਰੀਕ ਸਿੰਘ, ਪਰਮਜੀਤ ਸਿੰਘ (ਸਾਰੇ ਡਾਇਰੈਕਟਰ ਸਿੰਘ ਸਭਾ ਬ੍ਰਿਸਬੇਨ) ਅਤੇ ਸਮੂਹ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋ ਸਿੰਘ ਸਾਹਿਬ ਧੰਨਵਾਦ ਕੀਤਾ ਗਿਆ।

## SIKH MATRIMONIALS

Gursikh girl 30/5'3"/Bcom, BEd /on work visa in Canada/ two brothers/ one is PR in Canada/ Contact +91 9971576271

Sikh girl 31/5'/ B.Tech /Canada PR/ Tech Advisor/ Parents Retd Govt official in Mohali SAS Nagar Contact +91 98157 75166

Gursikh Boy 28/5'11"/ M.Eng Univ. Of Windsor, Canada/ Quality Engineer Package 50000$CAD/PR holder/ Contact+91 8171651165

Gursikh girl 26/5'2"/ Zoology Hons./ BEd. University of Windsor/Teacher in Ontario/Parents in Govt. Service/ Contact +91 9910229922

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. C 3. C 4. D

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)



email: canadasikhtimes@gmail.com, M: +1 437 673 7555